# ਕੀਟਨਾਸ਼ਕ ਸੁਰੱਖਿਆ ਜਾਣਕਾਰੀ

dpr

ਕੈਲੀਫੋਰਨੀਆ ਦੇ ਵਾਤਾਵਰਣ ਦੀ ਸੁਰੱਖਿਆ ਬਾਰੇ ਏਜੰਸੀ

N No. 8

## ਗੈਰ-ਖੇਤੀਬਾੜੀ ਥਾਵਾਂ ਵਿੱਚ ਕੀਟਨਾਸ਼ਕਾਂ ਦਾ ਇਸਤੇਮਾਲ ਕਰਨ ਵਾਲਿਆਂ (ਹੈਂਡਰਲਸ) ਲਈ ਸੁਰੱਖਿਆ ਨਿਯਮ

**ਇਸ ਲੀਫ਼ਲੈਟ** (ਪਰਚੇ), **ਕੀਟਨਾਸ਼ਕ ਲੇਬਲ, ਅਤੇ ਤੁਹਾਡੀ ਟਰੇਨਿੰਗ ਰਾਹੀਂ ਤੁਹਾਨੂੰ ਕੰਮ ਵਾਲੀ ਥਾਂ ਤੇ ਕੀਟਨਾਸ਼ਕ ਖ਼ਤਰਿਆਂ ਬਾਰੇ ਜਾਣਕਾਰੀ ਮਿਲਦੀ ਹੈ।** ਤੁਹਾਡੇ ਮਾਲਿਕ ਨੂੰ ਤੁਹਾਨੂੰ ਇਹ ਸਿੱਖਾਣਾ ਚਾਹੀਦਾ ਹੈ ਕਿ ਕੀਟਨਾਸ਼ਕ ਸੁਰੱਖਿਅਤ ਢੰਗ ਨਾਲ ਕਿਸ ਤਰ੍ਹਾਂ ਇਸਤੇਮਾਲ ਕਰਨਾ, ਅਤੇ ਜਦੋਂ ਤੁਸੀਂ ਉਹਨਾਂ ਦਾ ਇਸਤੇਮਾਲ ਕਰਦੇ ਹੋ, ਆਪਣੀ ਸੁਰੱਖਿਆ ਕਿਸ ਤਰ੍ਹਾਂ ਕਰਨੀ ਹੈ। ਕੀਟਨਾਸ਼ਕ ਰਸਾਇਣ ਹੁੰਦੇ ਹਨ ਜਿਨ੍ਹਾਂ ਦੀ ਵਰਤੋਂ ਅਣਚਾਹੇ ਕੀੜਿਆਂ ਨੂੰ ਮਾਰਨ, ਨਦੀਨ ਜਰਾਸੀਮਾਂ ਅਤੇ ਪੌਦਿਆਂ ਦੀਆਂ ਬੀਮਾਰੀਆਂ ਖ਼ਤਮ ਕਰਨ ਲਈ ਕੀਤੀ ਜਾਂਦੀ ਹੈ।



**ਮਾਲਿਕ:** ਕੀਟਨਾਸ਼ਕ ਨਾਲ ਕੰਮ ਵਾਲਿਆਂ (ਹੈਂਡਲਰਸ) ਲਈ ਇਹ ਖ਼ਤਰੇ ਬਾਰੇ ਸੁਨੇਹੇ ਦਾ ਲੀਫ਼ਲੈਟ (ਪਰਚਾ) ਹੈ। ਇਸ ਲੀਫ਼ਲੈਟ (ਪਰਚੇ) ਵਿੱਚ ਖਾਲੀ ਛੱਡੀ ਥਾਂ ਭਰੋ ਅਤੇ ਇਸ ਇਸ਼ਤਿਹਾਰ ਨੂੰ ਮੁਲਾਜ਼ਮਾਂ ਦੇ ਕੰਮ ਕਰਨ ਵਾਲੀ ਜਗਹ ਤੇ ਲਾਓ।

### ਐਮਰਜੈਂਸੀ ਮੈਡੀਕਲ ਦੇਖਭਾਲ

ਤੁਹਾਡੇ ਕੀਟਨਾਸ਼ਕਾਂ ਨਾਲ ਕੰਮ ਸ਼ੁਰੂ ਕਰਨ ਤੋਂ ਪਹਲਿਾਂ ਤੁਹਾਡੇ ਮਾਲਿਕ ਨੂੰ ਐਮਰਜੈਂਸੀ ਮੈਡੀਕਲ ਦੇਖਭਾਲ ਲਈ ਯੋਜਨਾ ਬਣਾ ਲੈਣੀ ਚਾਹੀਦੀ ਹੈ। ਜੇ ਤੁਸੀਂ ਸੋਚਦੇ ਹੋ ਕਿ ਤੁਸੀਂ ਕੰਮ ਤੇ ਕੀਟਨਾਸ਼ਕਾਂ ਨਾਲ ਬੀਮਾਰ ਜਾਂ ਜਖ਼ਮੀ ਹੋਏ, ਤਾਂ ਆਪਣੇ ਮਾਲਿਕ ਨੂੰ ਦੱਸੋ। ਉਨ੍ਹਾਂ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਹਾਨੂੰ ਫੌਰੀ ਡਾਕਟਰ ਕੋਲ ਲਿਜਾਇਆ ਜਾਏ। **ਆਪਣੇ ਆਪ ਕਦੀ ਨਾ ਜਾਉ।**

**ਐਮਰਜੈਂਸੀ ਮੈਡੀਕਲ ਦੇਖਭਾਲ ਇੱਥੇ ਉਪਲਬਧ ਹੈ**
(ਪਤਾ ਤੇ ਟੈਲੀਫੋਨ ਨੰਬਰ):

________________________________________

________________________________________

**ਯਾਦ ਰੱਖੋ:** ਜੇ ਤੁਸੀਂ ਕੰਮ ਤੇ ਕੀਟਨਾਸ਼ਕਾਂ ਕਾਰਣ ਬੀਮਾਰ ਜਾਂ ਜਖ਼ਮੀ ਹੋਏ ਹੋ, ਤਾਂ ਤੁਹਾਨੂੰ ਮੈਡੀਕਲ ਦੇਖਭਾਲ ਲਈ ਕੋਈ ਰਕਮ ਨਹੀਂ ਦੇਣੀ ਪੈਂਦੀ।

**ਜੇ ਤੁਸੀਂ ਸੋਚਦੇ ਹੋ**

**ਕਿ ਕੰਮ 'ਤੇ ਕੀਟਨਾਸ਼ਕਾਂ ਨੇ ਤੁਹਾਨੂੰ ਜਖ਼ਮੀ ਜਾਂ ਬੀਮਾਰ ਕਰ ਦਿੱਤਾ ਹੈ, ਤਾਂ ਤੁਹਾਡੇ ਮਾਲਿਕ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਤੁਹਾਨੂੰ ਫੌਰਨ ਡਾਕਟਰ ਕੋਲ ਲੈ ਜਾਏ।**

## ਮੇਰੇ ਹੱਕ ਕੀ ਹਨ ?

ਤੁਹਾਨੂੰ ਉਨ੍ਹਾਂ ਕੀਟਨਾਸ਼ਕਾਂ ਬਾਰੇ ਥੱਲੇ ਲਿਖੀ ਜਾਣਕਾਰੀ ਲੈਣ ਦਾ ਹੱਕ ਹੈ, ਜਿਨ੍ਹਾਂ ਦਾ ਤੁਸੀਂ ਹਾਲ ਵਿੱਚ ਹੀ ਕੰਮ ਕਰਨ ਲਗਿਆਂ ਇਸਤੇਮਾਲ ਕੀਤਾ ਹੈ:

- ਕਦੋਂ ਅਤੇ ਕਿੱਥੇ ਕੀਟਨਾਸ਼ਕ ਇਸਤੇਮਾਲ ਕੀਤਾ ਗਿਆ ਸੀ
- ਕੀਟਨਾਸ਼ਕ ਦਾ ਨਾਂ ਅਤੇ ਉਸਦੇ ਸਰਗਰਮ ਤੱਤ
- ਈ ਪੀ ਏ (EPA) ਰਜਿਸਟਰੇਸ਼ਨ ਨੰਬਰ

ਤੁਹਾਡੀ ਟਰੇਨਿੰਗ ਦੇ ਹਿੱਸੇ ਵਜੋਂ ਤੁਹਾਡੇ ਮਾਲਿਕ ਨੂੰ ਇਹ ਦੱਸਣਾ ਜਾਣਾ ਚਾਹੀਦਾ ਹੈ ਕਿ ਇਹ ਸਾਰੀ ਜਾਣਕਾਰੀ ਕਿੱਥੇ ਰੱਖੀ ਗਈ ਹੈ ਅਤੇ ਤੁਸੀਂ ਕਿਸੇ ਤੋਂ ਪੁੱਛੇ ਬਿਨਾਂ ਜਦੋਂ ਵੀ ਚਾਹੋ ਇਹ ਰਿਕਾਰਡ ਵੇਖ ਸਕਦੇ ਹੋ।

ਜੇ ਤੁਸੀਂ **ਆਪਣੇ ਕੰਮ ਕਾਰਣ ਬੀਮਾਰ** ਜਾਂ ਜ਼ਖ਼ਮੀ ਹੋਏ ਹੋ, ਤੁਹਾਨੂੰ ਵਰਕਰਾਂ ਦੇ ਮੁਆਵਜ਼ੇ ਲਈ ਅਰਜੀ ਦਾਇਰ ਕਰਨ ਦਾ ਹੱਕ ਹੈ। ਵਰਕਰਾਂ ਦੇ ਮੁਆਵਜ਼ੇ ਵਾਲੇ ਤੁਹਾਡੇ ਮੈਡੀਕਲ ਬਿਲ ਅਤੇ ਕਈ ਵਾਰ ਜਿਨ੍ਹਾਂ ਦਿਨਾਂ ਵਿੱਚ ਤੁਸੀਂ ਕੰਮ ਨਹੀਂ ਕਰ ਸਕੇ, ਉਨ੍ਹਾਂ ਦੀ ਤਨਖਾਹ ਦੀ ਅਦਾਇਗੀ ਵੀ ਕਰਣਗੇ।

ਤੁਹਾਨੂੰ ਕੰਮ ਤੇ ਇਸਤੇਮਾਲ ਕੀਤੇ ਜਾਂਦੇ ਸਭ ਕੀਟਨਾਸ਼ਕਾਂ ਦੇ ਸੇਫਟੀ ਡੈਟਾ ਸ਼ੀਟ [Safety Data Sheets (SDS)] ਅਤੇ ਰਿਕਾਰਡ ਵੇਖਣ ਦਾ ਹੱਕ ਹੈ। ਇਹ SDS ਤੁਹਾਨੂੰ ਹਰ ਇਕ ਕੀਟਨਾਸ਼ਕ ਬਾਰੇ ਅਤੇ ਇਸ ਦੇ ਖ਼ਤਰਿਆਂ ਬਾਰੇ ਵਿਸ਼ੇਸ਼ ਤੌਰ ਤੇ ਦੱਸਣਗੇ।

ਸੁਰੱਖਿਆ ਰੂਪ

8

**ਤੁਹਾਡੇ ਮਾਲਿਕ ਨੂੰ**

ਤੁਹਾਨੂੰ ਕੀਟਨਾਸ਼ਕ ਨਾਲ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਤੁਹਾਡੀ ਐਮਰਜੈਂਸੀ ਮੈਡੀਕਲ ਦੇਖਭਾਲ ਲਈ ਯੋਜਨਾ ਜ਼ਰੂਰ ਬਣਾ ਲੈਣੀ ਚਾਹੀਦੀ ਹੈ।

**ਇਹ ਰਿਕਾਰਡ ਇੱਥੇ ਰੱਖੇ ਗਏ ਹਨ:**

________________________________________

________________________________________

ਤੁਹਾਡੇ ਮਾਲਿਕ ਨੂੰ ਤੁਹਾਡੇ ਹੱਕ ਤੁਹਾਨੂੰ ਸਪਸ਼ਟ ਕਰਨੇ ਚਾਹੀਦੇ ਹਨ। ਜੇ ਤੁਹਾਨੂੰ ਆਪਣੇ ਹੱਕ ਸਮਝਣ ਵਿੱਚ ਸਹਾਇਤਾ ਦੀ ਜ਼ਰੂਰਤ ਹੈ, ਤਾਂ ਤੁਸੀਂ ਆਪਣੇ ਸਥਾਨਕ ਕਾਉਂਟੀ ਖੇਤੀਬਾੜੀ ਕਮਿਸ਼ਨਰ ਦੇ ਦਫ਼ਤਰ, ਸਥਾਨਕ ਕਾਨੂੰਨੀ ਸਹਾਇਤਾ ਅਤੇ ਵਰਕਰ ਦੇ ਹੱਕਾਂ ਦੇ ਦਫ਼ਤਰ, ਯੂਨੀਅਨ ਜਾਂ ਕੀਟਨਾਸ਼ਕਾਂ ਦੇ ਨਿਯਮਾਂ ਬਾਰੇ ਵਿਭਾਗ [Department of Pesticide Regulation (DPR)] ਕੋਲ ਜਾਣਾ ਚਾਹੀਦਾ ਜਾਂ ਕਾਲ ਕਰਨਾ ਚਾਹੀਦਾ ਹੈ।

## ਮੈਂ ਕੰਮ ਤੇ ਖ਼ਤਰਿਆਂ ਬਾਰੇ ਕਿਸ ਨੂੰ ਦੱਸਾਂ ?

ਤੁਹਾਡੇ ਕੰਮ ਵਾਲੀ ਥਾਂ ਤੇ ਸਿਰਫ ਇਕੋ ਕਿਸਮ ਦਾ, ਕੀਟਨਾਸ਼ਕ ਦਾ ਖ਼ਤਰਾ ਹੈ। ਜੇ ਤੁਹਾਨੂੰ ਕੀਟਨਾਸ਼ਕ ਸੁਰੱਖਿਆ ਸਮੱਸਿਆ ਬਾਰੇ ਕੋਈ ਸ਼ਿਕਾਇਤ ਹੈ, ਤਾਂ ਤੁਹਾਨੂੰ ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਕਮਿਸ਼ਨਰ ਦੇ ਦਫ਼ਤਰ ਦਾ ਨੰਬਰ ਸਥਾਨਕ ਫ਼ੋਨ ਬੁੱਕ ਦੇ ਸਰਕਾਰੀ ਪੰਨਿਆਂ ਵਿੱਚ ਵੇਖ ਸਕਦੇ ਹੋ ਜਾਂ DPR ਦੀ ਮੁਫ਼ਤ ਸ਼ਿਕਾਇਤ ਜਾਣਕਾਰੀ ਲਾਈਨ **1-87PestLine (1-877-378-5463)** ਤੇ ਕਾਲ ਕਰ ਸਕਦੇ ਹੋ। ਸਿਹਤ ਅਤੇ ਸੁਰੱਖਿਆ ਸੰਬੰਧੀ ਦੂਜੀਆਂ ਸ਼ਿਕਾਇਤਾਂ (ਗੁਸਲਖ਼ਾਨਿਆਂ, ਜ਼ਿਆਦਾ ਗਰਮੀ ਕਰਕੇ ਤਵਾਵ, ਪੀਣ ਵਾਲੇ ਪਾਣੀ ਆਦਿ) ਬਾਰੇ ਸਨਅੱਤੀ ਸੰਬੰਧਾਂ ਦੇ ਕੈਲੀਫ਼ੋਰਨਿਆ ਵਿਭਾਗ Cal/OSHA ਦਫ਼ਤਰ ਕੋਲ ਦਰਜ ਕਰਾਉਣੀਆਂ ਚਾਹੀਦੀਆਂ ਹਨ।



## ਮੈਨੂੰ ਕਿਹੜੀ ਟਰੇਨਿੰਗ ਲੈਣੀ ਚਾਹੀਦੀ ਹੈ ?

**ਤੁਹਾਡੇ ਮਾਲਿਕ ਨੂੰ:**

- ਤੁਹਾਨੂੰ ਇਸ ਤਰੀਕੇ ਨਾਲ ਸਿੱਖਿਅਤ ਕਰਨਾ ਚਾਹੀਦਾ ਹੈ ਕਿ ਤੁਸੀਂ ਕੀਟਨਾਸ਼ਕਾਂ ਨਾਲ ਕੰਮ ਸ਼ੁਰੂ ਕਰਨ ਤੋਂ ਅਤੇ ਕਿਸੇ ਵੇਲੇ ਵੀ ਨਵੇਂ ਕੀਟਨਾਸ਼ਕਾਂ ਨਾਲ ਕੰਮ ਸ਼ੁਰੂ ਕਰਨ ਤੋਂ **ਪਹਿਲਾਂ** ਚੰਗੀ ਤਰ੍ਹਾਂ ਸਮਝ ਲਓ।
- ਇਹ ਯਾਦ ਕਰਵਾਉਣ ਲਈ ਕਿ ਤੁਸੀਂ ਕੀਟਨਾਸ਼ਕਾਂ ਨਾਲ ਸੁਰੱਖਿਅਤ ਤਰੀਕੇ ਨਾਲ ਕਿਵੇਂ ਕੰਮ ਕਰਨਾ ਹੈ, ਤੁਹਾਨੂੰ ਹਰ ਸਾਲ ਟਰੇਨਿੰਗ ਦੇਣੀ ਚਾਹੀਦੀ ਹੈ।
- ਤੁਹਾਨੂੰ ਉਨ੍ਹਾਂ ਸਾਰੇ ਤਰੀਕਿਆਂ ਨੂੰ ਦੱਸਿਆ ਜਾਣਾ ਚਾਹੀਦਾ ਹੈ, ਜਿਨ੍ਹਾਂ ਨਾਲ ਕੋਈ ਕੀਟਨਾਸ਼ਕ ਤੁਹਾਨੂੰ

ਨੁਕਸਾਨ ਪਹੁੰਚਾ ਸਕਦਾ ਹੈ ਅਤੇ ਤੁਸੀਂ ਕਿਸ ਤਰ੍ਹਾਂ ਸੁਰੱਖਿਅਤ ਰਹਿ ਕੇ ਕੀਟਨਾਸ਼ਕਾਂ ਨਾਲ ਕੰਮ ਕਰ ਸਕਦੇ ਹੋ (ਟਰੇਨਿੰਗ ਬਾਰੇ ਹੋਰ ਜਾਣਕਾਰੀ ਲਈ ਆਪਣੇ ਮਾਲਿਕ ਨੂੰ N-1 ਸੇਫ਼ਟੀ ਲੀਫ਼ਲੈਟ (ਪਰਚੇ) ਲਈ ਕਹੋ)।

- ਜੇ ਤੁਹਾਨੂੰ ਇਕ ਰੈਸਪੀਰੇਟਰ ਇਸਤੇਮਾਲ ਕਰਨਾ ਪੈਂਦਾ ਹੈ ਤਾਂ ਤੁਹਾਨੂੰ ਵਾਧੂ ਸਿਖਲਾਈ ਦੇਵੇ (ਇਸ ਬਾਰੇ ਹੋਰ ਜਾਣਕਾਰੀ ਲਈ ਆਪਣੇ ਮਾਲਿਕ ਨੂੰ N-5 ਸੇਫ਼ਟੀ ਲੀਫ਼ਲੈਟ (ਪਰਚੇ) ਲਈ ਕਹੋ)।
- ਤੁਹਾਨੂੰ ਇਹ ਦੱਸਿਆ ਜਾਣਾ ਚਾਹੀਦਾ ਹੈ ਕਿ ਕੀਟਨਾਸ਼ਕਾਂ ਨੂੰ ਇਕ ਜਗਹ ਤੋਂ ਦੂਜੀ ਜਗਹ ਸੁਰੱਖਿਅਤ ਢੰਗ ਨਾਲ ਕਿਵੇਂ ਲਿਜਾਣੇ ਚਾਹੀਦੇ ਹਨ ਅਤੇ ਕੀਟਨਾਸ਼ਕਾਂ ਦੇ ਖਾਲੀ ਕੰਟੇਨਰਾਂ ਦਾ ਨਿਪਟਾਰਾ ਕਿਸ ਤਰ੍ਹਾਂ ਕਰਨਾ ਹੈ। ਇਨ੍ਹਾਂ ਲਈ ਵਿਸ਼ੇਸ਼ ਨਿਯਮ ਹਨ ਜੋ ਤੁਹਾਡੇ ਮਾਲਿਕ ਨੂੰ ਤੁਹਾਨੂੰ ਦੱਸਣੇ ਚਾਹੀਦੇ ਹਨ। (ਹੋਰ ਜਾਣਕਾਰੀ ਲਈ N-2 ਸੇਫ਼ਟੀ ਲੀਫ਼ਲੈਟ (ਪਰਚੇ) ਲਈ ਕਹੋ)।

**ਇਸ ਦਸਤਾਵੇਜ਼ ਵਿੱਚ ਜਿਨ੍ਹਾਂ ਹੋਰ ਸੁਰੱਖਿਆ ਲੀਫ਼ਲੈਟਾਂ** (ਪਰਚਿਆਂ) **ਦਾ ਜ਼ਿਕਰ ਹੈ, ਉਹ ਤੁਹਾਡੀ ਟਰੇਨਿੰਗ ਦਾ ਹਿੱਸਾ ਹੋਣੇ ਚਾਹੀਦੇ ਹਨ। ਉਹ ਤੁਹਾਡੇ ਮਾਲਿਕ ਅਤੇ ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰ ਦੇ ਦਫ਼ਤਰ ਤੋਂ ਮੁਫ਼ਤ ਉਪਲਬਧ ਹਨ।**

ਤੁਹਾਡੀ ਟਰੇਨਿੰਗ ਬਾਰੇ ਸਾਰੀ ਜਾਣਕਾਰੀ ਲਿਖਤ ਰੂਪ ਵਿੱਚ ਹੋਣੀ ਚਾਹੀਦੀ ਹੈ। ਤੁਹਾਨੂੰ ਇਕ ਕਾਗਜ਼ ਤੇ ਦਸਤਖ਼ਤ ਕਰਨੇ ਪੈਣਗੇ ਜਿਸ ਤੇ ਇਹ ਲਿਖਿਆ ਹੋਏਗਾ ਕਿ ਤੁਸੀਂ ਟਰੇਨਿੰਗ ਪ੍ਰਾਪਤ ਕਰ ਚੁਕੇ ਹੋ। ਪਰ ਟਰੇਨਿੰਗ ਖ਼ਤਮ ਹੋਣ ਅਤੇ ਜੋ ਕੁਝ ਤੁਸੀਂ ਸੁਣਿਆ ਹੈ, ਉਸ ਨੂੰ ਪੂਰੀ ਤਰ੍ਹਾਂ ਸਮਝ ਲਿਆ ਹੈ, ਤਾਂ ਹੀ ਦਸਤਖ਼ਤ ਕਰੋ।





## ਕੀਟਨਾਸ਼ਕ ਦਾ ਲੇਬਲ ਮੈਨੂੰ ਕੀ ਦੱਸ ਸਕਦਾ ਹੈ ?

ਸਾਰੇ ਕੀਟਨਾਸ਼ਕ ਜ਼ਹਿਰੀਲੇ ਹੁੰਦੇ ਹਨ। ਜੇ ਕੋਈ ਕੀਟਨਾਸ਼ਕ ਤੁਹਾਡੇ ਤੇ ਪੈ ਜਾਏ ਜਾਂ ਤੁਹਾਡੇ ਅੰਦਰ ਚਲਾ ਜਾਏ ਤਾਂ ਇਹ ਤੁਹਾਨੂੰ ਜ਼ਖ਼ਮੀ ਜਾਂ ਬੀਮਾਰ ਕਰ ਸਕਦਾ ਹੈ। ਕੀਟਨਾਸ਼ਕ ਦਾ ਲੇਬਲ ਤੁਹਾਨੂੰ ਦੱਸਦਾ ਹੈ ਕਿ ਤੁਸੀਂ ਕੀਟਨਾਸ਼ਕਾਂ ਨੂੰ ਸੁਰੱਖਿਅਤ ਢੰਗ ਨਾਲ ਕਿਸ ਤਰ੍ਹਾਂ ਰਲਾਣਾ ਅਤੇ ਇਸਤੇਮਾਲ ਕਰਨਾ ਹੈ। **ਇਹ ਲੇਬਲ ਉਸ ਥਾਂ ਤੇ ਲੱਗਣਾ ਚਾਹੀਦਾ ਹੈ ਜਿੱਥੇ ਤੁਸੀਂ ਕੀਟਨਾਸ਼ਕ ਰਲਾਂਦੇ ਜਾਂ ਇਸਤੇਮਾਲ ਕਰਦੇ ਹੋ।** ਤੁਸੀਂ ਲੇਬਲ ਤੇ ਲਿਖੀਆਂ ਸਾਰੀਆਂ ਹਿਦਾਇਤਾਂ ਪੜ੍ਹੋ ਅਤੇ ਉਨ੍ਹਾਂ ਤੇ ਅਮਲ ਕਰੋ। ਉਤਪਾਦਾਂ ਬਾਰੇ ਅਤੇ ਲੇਬਲ ਜਾਣਕਾਰੀ ਬਾਰੇ ਹੋਰ ਬੁਲੇਟਿਨ ਵੀ ਆ ਸਕਦੇ ਹਨ ਉਨ੍ਹਾਂ ਨੂੰ ਵੀ ਤੁਹਾਨੂੰ ਪੜ੍ਹਨਾ ਚਾਹੀਦਾ ਹੈ ਅਤੇ ਉਨ੍ਹਾਂ ਤੇ ਅਮਲ ਕਰਨਾ ਚਾਹੀਦਾ ਹੈ।

ਲੇਬਲ ਤੇ ਕੁਝ ਬਹੁਤ ਅਹਿਮ ਗਲਾਂ ਇਹ ਹੁੰਦੀਆਂ ਹਨ:

1. ਕੀਟਨਾਸ਼ਕ ਵਿੱਚ ਪਏ ਰਸਾਇਣ।
2. ਮੁਢਲੀ ਡਾਕਟਰੀ ਸਹਾਇਤਾ (ਫਸਟ ਏਡ) ਅਤੇ ਸਿਹਤ ਤੇ ਅਸਰ ਬਾਰੇ ਚੇਤਾਵਣੀਆਂ।
3. ਉਹ ਨਿੱਜੀ ਸੁਰੱਖਿਆ ਉਪਕਰਣ, ਜਿਨ੍ਹਾਂ ਦੀ ਜ਼ਰੂਰਤ ਹੈ।
4. ਕੀਟਨਾਸ਼ਕ ਦੇ ਇਸਤੇਮਾਲ ਲਈ ਹਿਦਾਇਤਾਂ।




## ਮੈਂ ਇਹ ਕਿਸ ਤਰ੍ਹਾਂ ਦੱਸ ਸਕਦਾ ਹਾਂ ਕਿ ਕਿਹੜੇ ਕੀਟਨਾਸ਼ਕ ਜ਼ਿਆਦਾ ਖ਼ਤਰਨਾਕ ਹਨ ?

ਬਹੁਤੇ ਕੀਟਨਾਸ਼ਕ ਲੇਬਲ ਤੇ ਸਾਹਮਣੇ ਵਾਲੇ ਪਾਸੇ ਵੱਡੇ ਸ਼ਬਦਾਂ ਵਿੱਚ ਇਕ ਸੰਕੇਤਕ ਸ਼ਬਦ ਲਿਖਿਆ ਹੁੰਦਾ ਹੈ। ਇਹ ਸ਼ਬਦ ਤੁਹਾਨੂੰ ਕੀਟਨਾਸ਼ਕ ਦੇ ਸਿਹਤ ਤੇ ਗੰਭੀਰ ਅਸਰ ਬਾਰੇ ਜਾਣਕਾਰੀ ਦੇਂਦਾ ਹੈ। ਜੇ ਕੀਟਨਾਸ਼ਕ ਫੌਰਨ ਤੁਹਾਨੂੰ ਨੁਕਸਾਨ ਪਹੁੰਚਾ ਸਕਦਾ ਹੈ ਜਾਂ ਬੀਮਾਰ ਕਰ ਸਕਦਾ ਹੈ ਤਾਂ ਉਸ ਨੂੰ ਗੰਭੀਰ ਅਸਰ ਕਿਹਾ ਜਾਂਦਾ ਹੈ। ਜੇ ਇਕ ਕੀਟਨਾਸ਼ਕ ਦੇ ਐਕਸਪੋਜ਼ਰ ਕਰਕੇ ਬੀਮਾਰ ਹੋਣ ਨੂੰ ਮਹੀਨੇ ਜਾਂ ਸਾਲ ਲਗ ਜਾਣ ਤਾਂ ਉਸ ਨੂੰ ਚਿਰਕਾਲੀ ਅਸਰ ਕਿਹਾ ਜਾਂਦਾ ਹੈ।

ਲੇਬਲ ਤੇ ਇਹ ਸ਼ਬਦ ਹਨ, ਜੋ ਕੀਟਨਾਸ਼ਕ ਦੇ ਅਸਰ ਬਾਰੇ ਦੱਸਦੇ ਹਨ:

- **"ਖ਼ਤਰਾ"**—ਇਸਦਾ ਮਤਲਬ ਹੈ ਕਿ ਕੀਟਨਾਸ਼ਕ ਬਹੁਤ ਜ਼ਿਆਦਾ ਖ਼ਤਰਨਾਕ ਹੈ।
- **"ਚੇਤਾਵਨੀ"**—ਇਸਦਾ ਮਤਲਬ ਹੈ ਕਿ ਕੀਟਨਾਸ਼ਕ ਦਰਮਿਆਨੇ ਦਰਜੇ ਦਾ ਹਾਨੀਕਾਰਕ ਹੈ।
- **"ਸਾਵਧਾਨੀ"**—ਇਸਦਾ ਮਤਲਬ ਹੈ ਕਿ ਕੀਟਨਾਸ਼ਕ ਥੋੜ੍ਹਾ ਹਾਨੀਕਾਰਕ ਹੈ।

ਜੇ ਲੇਬਲ ਤੇ ਇਹਨਾਂ ਵਿੱਚੋਂ ਕੋਈ ਵੀ ਸ਼ਬਦ ਨਾ ਹੋਵੇ ਤਾਂ ਇਸਦਾ ਮਤਲਬ ਹੈ ਕਿ ਕੀਟਨਾਸ਼ਕ ਕਰਕੇ ਨੁਕਸਾਨ ਹੋਣ ਦਾ ਘੱਟ ਅੰਦੇਸ਼ਾ ਹੈ ਪਰ ਫਿਰ ਵੀ ਹਰ ਇਕ ਕੀਟਨਾਸ਼ਕ ਦਾ ਇਸਤੇਮਾਲ ਹਮੇਸ਼ਾ ਸਾਵਧਾਨੀ ਨਾਲ ਕਰੋ। **ਫਿਰ ਵੀ, ਤੁਹਾਨੂੰ ਹਰ ਕੀਟਨਾਸ਼ਕ ਸਾਵਧਾਨੀ ਨਾਲ ਹੈਂਡਲ ਕਰਨਾ ਚਾਹੀਦਾ।**

## ਲੇਬਲ ਮੈਨੂੰ ਹੋਰ ਕੀ ਦੱਸਦਾ ਹੈ ?

- ਜੇ ਕੀਟਨਾਸ਼ਕ ਤੁਹਾਡੀਆਂ ਅੱਖਾਂ ਜਾਂ ਚਮੜੀ ਨੂੰ ਗੰਭੀਰ ਨੁਕਸਾਨ ਪਹੁੰਚਾ ਸਕਦਾ ਹੈ ਤਾਂ ਲੇਬਲ ਤੇ "**ਖੋਰਨਸ਼ੀਲ (Corrosive) ਅੱਖਾਂ ਅਤੇ ਚਮੜੀ ਨੂੰ ਨੁਕਸਾਨ**" ਵਰਗੀ ਕੋਈ ਚੀਜ਼ ਦੱਸੇਗਾ।
- ਜੇ ਕੀਟਨਾਸ਼ਕ ਤੁਹਾਨੂੰ ਬਹੁਤ ਬੀਮਾਰ ਕਰ ਸਕਦਾ ਹੈ ਤਾਂ ਲੇਬਲ ਤੇ ਖੋਪੜੀ ਅਤੇ ਹੱਡੀਆਂ ਦੇ ਕਰਾਸ ਦਾ ਨਿਸ਼ਾਨ ਅਤੇ ਸ਼ਬਦ "**ਜ਼ਹਿਰ**" ਹੋਏਗਾ।
- "**ਘਾਤਕ**" ਵਰਗੇ ਸ਼ਬਦ ਜਾਂ "**ਆਪਣੇ ਅੰਦਰ ਲੰਘਾ ਲੈਣ, ਸਾਹ ਰਾਹੀਂ ਅੰਦਰ ਜਾਣ ਜਾਂ ਚਮੜੀ ਰਾਹੀਂ ਸਰੀਰ ਵਿੱਚ ਚਲਾ ਜਾਏ ਤਾਂ ਘਾਤਕ ਹੋ ਸਕਦਾ ਹੈ**" ਦਾ ਮਤਲਬ ਹੈ ਕਿ ਕੀਟਨਾਸ਼ਕ ਬੀਮਾਰ ਕਰ ਸਕਦਾ ਹੈ ਜਾਂ ਮਾਰ ਵੀ ਸਕਦਾ ਹੈ।
- ਕੁਝ ਕੀਟਨਾਸ਼ਕ ਲੇਬਲ ਤੁਹਾਨੂੰ ਸਿਹਤ ਦੀਆਂ ਦੂਜੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਦੇਂਦੇ ਹਨ, ਜੋ ਇਸਤੇਮਾਲ ਤੋਂ ਬਹੁਤ ਦੇਰ ਬਾਅਦ ਪ੍ਰਗਟ ਹੁੰਦੀ ਹਨ ਜਿਵੇਂ ਕਿ ਕੈਂਸਰ (ਪ੍ਰਗਟ ਹੋਣ ਵਿਚ ਕਈ ਸਾਲ ਲਗ ਸਕਦੇ ਹਨ) ਜਾਂ ਅਣਜੰਮੇ ਬੱਚਿਆਂ ਲਈ ਖ਼ਤਰੇ।

## ਕੀ ਅਤਿ ਖ਼ਤਰਨਾਕ ਕੀਟਨਾਸ਼ਕਾਂ ਲਈ ਕੋਈ ਹੋਰ ਵਾਧੂ ਨਿਯਮ ਵੀ ਹਨ ?

ਹਾਂ, ਕੀਟਨਾਸ਼ਕਾਂ ਦਾ ਇਕ ਗਰੁੱਪ ਹੈ, ਜਿਸ ਨੂੰ ਘੱਟ ਤੋਂ ਘੱਟ ਐਕਸਪੋਜ਼ਰ ਵਾਲੇ ਕੀਟਨਾਸ਼ਕ (MEP) ਕਹਿੰਦੇ ਹਨ, ਜਿਨ੍ਹਾਂ ਬਾਰੇ ਕੈਲੀਫ਼ੋਰਨੀਆ ਦੇ ਹੋਰ ਵਾਧੂ ਨਿਯਮ ਵੀ ਹਨ, ਕਿਉਂਕਿ ਉਹ ਤੁਹਾਡੇ ਲਈ ਵਿਸ਼ੇਸ਼ ਤੌਰ ਤੇ ਖ਼ਤਰਨਾਕ ਹੋ ਸਕਦੇ ਹਨ।

ਇਸ ਸੂਚੀ ਵਿੱਚ ਇਹ ਕੀਟਨਾਸ਼ਕ ਹਨ:

1. **ਬਕਟਿਰੱਲ** (Buctril)
2. **ਮੈਟਾਸਿਸਟੌਕਸ-ਆਰ** (Metasystox-R)

ਜੇ ਤੁਸੀਂ ਇਨ੍ਹਾਂ ਕੀਟਨਾਸ਼ਕਾਂ ਨਾਲ ਕੰਮ ਕਰ ਰਹੇ ਹੋ ਤਾਂ ਨਿਯਮਾਂ ਬਾਰੇ ਹੋਰ ਵੱਧ ਜਾਣਕਾਰੀ ਲਈ N-6 ਸੇਫ਼ਟੀ ਲੀਫ਼ਲੈਟ (ਪਰਚਾ) ਵੇਖੋ।



### ਉਨ੍ਹਾਂ ਰਿਕਾਰਡਾਂ ਦਾ ਸੰਖੇਪ ਜਿਸਨੂੰ ਤੁਹਾਡੇ ਮਾਲਿਕ ਲਈ ਰੱਖਣਾ ਜ਼ਰੂਰੀ ਹੈ

| **ਜਾਣਕਾਰੀ** | **ਲੋਕੇਸ਼ਨ (ਜਗਹ)** |
|---|---|
| ਟਰੇਨਿੰਗ ਕਾਗਜ਼ | ਮਾਲਿਕ ਦੇ ਦਫ਼ਤਰ ਦੀ ਥਾਂ |
| ਲਿਖਤੀ ਸਿਖਲਾਈ ਪ੍ਰੋਗਰਾਮ | ਮਾਲਿਕ ਦੇ ਦਫ਼ਤਰ ਦੀ ਥਾਂ |
| ਰੈਸਪੀਰੇਟਰ ਪ੍ਰੋਗਰਾਮ ਸੰਬੰਧੀ ਅਮਲ | ਮਾਲਿਕ ਦੇ ਦਫ਼ਤਰ ਦੀ ਥਾਂ |
| ਹਾਦਸਾ ਪ੍ਰਤੀਕਰਮ ਯੋਜਨਾ (fumigants) | ਕੰਮ ਕਰਨ ਵਾਲੀ ਥਾਂ |
| ਕੀਟਨਾਸ਼ਕ ਲੇਬਲ | ਕੰਮ ਕਰਨ ਵਾਲੀ ਥਾਂ |
| ਕੀਟਨਾਸ਼ਕ ਤੋਂ ਸੁਰੱਖਿਆ ਜਾਣਕਾਰੀ ਸੀਰੀਜ਼ | ਮਾਲਿਕ ਦੇ ਦਫ਼ਤਰ ਦੀ ਥਾਂ |
| ਸੁਰੱਖਿਆ ਡੈਟਾ ਸ਼ੀਟ | ਮਾਲਿਕ ਦੇ ਦਫ਼ਤਰ ਦੀ ਥਾਂ |
| ਸਟੋਰ ਵਾਲੀ ਥਾਂ ਸੰਬੰਧੀ ਪੋਸਟਿੰਗ[1] | ਸਟੋਰੇਜ ਦੀ ਥਾਂ |
| ਐਮਰਜੈਂਸੀ ਮੈਡੀਕਲ ਦੇਖਭਾਲ ਨੋਟਿਸ | ਕੰਮ ਕਰਨ ਵਾਲੀ ਥਾਂ |
| ਰੈਸਪੀਰੇਟਰ ਦੇ ਇਸਤੇਮਾਲ ਲਈ ਡਾਕਟਰ ਦੀ ਰਿਪੋਰਟ | ਮਾਲਿਕ ਦੇ ਦਫ਼ਤਰ ਦੀ ਥਾਂ |
| ਕੀਟਨਾਸ਼ਕਾਂ ਦੇ ਇਸਤੇਮਾਲ ਦੇ ਰਿਕਾਰਡ | ਮਾਲਿਕ ਦੇ ਦਫ਼ਤਰ ਦੀ ਥਾਂ |

1 ਸਿਰਫ "ਖ਼ਤਰਾ" ਜਾਂ "ਚੇਤਾਵਨੀ" ਵਾਲੇ ਸੰਕੇਤਕ ਸ਼ਬਦਾਂ ਵਾਲੇ ਕੀਟਨਾਸ਼ਕਾਂ ਲਈ ਜ਼ਰੂਰੀ ਹੈ।

## ਮਤਾ 65

1986 ਵਿੱਚ, ਪੀਣ ਵਾਲੇ ਸੁਰੱਖਿਅਤ ਪਾਣੀ ਅਤੇ ਜ਼ਹਿਰੀਲੇ ਪਦਾਰਥਾਂ ਬਾਰੇ ਐਨਫੋਰਸਮੈਂਟ ਐਕਟ (ਮਤਾ 65) [Safe Drinking Water and Toxic Enforcement Act of 1986 (Proposition 65)] ਨਾਂਅ ਦਾ ਕਾਨੂੰਨ ਪਾਸ ਕੀਤਾ ਗਿਆ। ਮਤਾ 65 ਹੇਠ ਕੈਲੀਫ਼ੋਰਨੀਆ ਵੱਲੋਂ ਉਨ੍ਹਾਂ ਰਸਾਇਣਾਂ ਦੀ ਸੂਚੀ ਬਣਾਈ ਗਈ ਜਿਨ੍ਹਾਂ ਨਾਲ ਕੈਂਸਰ, ਜਨਮ ਵਿਕਾਰ ਜੋ ਹੋਰ ਪ੍ਰਜਨਕ ਨੁਕਸਾਨ ਹੁੰਦੇ ਹਨ। ਮਤਾ 65 ਸੂਚੀ ਵਿੱਚ, ਰੰਗ ਦਾ ਮਸਾਲਾ, ਘੋਲਕ, ਕੀਟਨਾਸ਼ਕ, ਦਵਾਈਆਂ ਅਤੇ ਭੋਜਨ 'ਚ ਮਿਲਾਏ ਜਾਣ ਵਾਲੇ ਉਤਪਾਦਾਂ ਸਮੇਤ ਕਈ ਵੱਖ ਵੱਖ ਰਸਾਇਣ ਹਨ। ਤੁਹਾਡਾ ਮਾਲਿਕ ਤੁਹਾਨੂੰ ਚੇਤਾਵਨੀ ਦੇਣ ਦੀ ਚੋਣ ਵੀ ਕਰ ਸਕਦਾ ਹੈ ਅਗਰ ਮਤਾ 65 ਦੀ ਸੂਚੀ ਵਿੱਚ ਦਿੱਤੇ ਗਏ ਕੀਟਨਾਸ਼ਕ ਦਾ ਛਿੜਕਾਅ ਕੀਤਾ ਗਿਆ ਹੈ, ਭਾਵੇਂ ਸਿਹਤ ਨੂੰ ਕਿਸੀ ਖ਼ਤਰੇ ਦੀ ਸੰਭਾਵਨਾ ਨਹੀਂ। ਤੁਹਾਡੇ ਮਾਲਿਕ ਨੂੰ ਇਕ ਕੀਟਨਾਸ਼ਕ ਬਾਰੇ ਜਾਣਕਾਰੀ ਰੱਖੇ ਜਾਣ ਦੀ ਲੋੜ ਹੈ ਅਤੇ ਉਹ ਤੁਹਾਨੂੰ ਇਸ ਦੇ ਵੇਖਣ ਦੀ ਆਗਿਆ ਦੇਵੇ। ਜੇ ਤੁਹਾਨੂੰ ਰਿਕਾਰਡ ਦੀ ਥਾਂ ਦਾ ਪੱਕਾ ਪਤਾ ਨਹੀਂ, ਤਾਂ ਮਾਲਿਕ ਨੂੰ ਪੁੱਛੋ।

ਮਤਾ 65 ਦੀ ਸੂਚੀ ਤੇ ਜੋ ਕੀਟਨਾਸ਼ਕ ਹਨ ਅਤੇ ਜੋ ਕੈਲੀਫ਼ੋਰਨੀਆ ਵਿੱਚ ਵਰਤੇ ਜਾਂਦੇ ਹਨ, ਦੀ ਸੂਚੀ ਨੂੰ ਤੁਸੀਂ **http://www.cdpr.ca.gov/docs/dept/factshts/prop65.htm.** 'ਤੇ ਵੇਖ ਸਕਦੇ ਹੋ।

*ਮਤਾ 65 (Proposition 65) ਦੀ ਸੂਚੀ ਵਿੱਚ ਉਹ ਰਸਾਇਣ ਸ਼ਾਮਿਲ ਹਨ, ਜਿਨ੍ਹਾਂ ਬਾਰੇ ਸਟੇਟ ਨੂੰ ਜਾਣਕਾਰੀ ਹੈ ਕਿ ਉਨ੍ਹਾਂ ਨਾਲ ਕੈਂਸਰ ਜਾਂ ਪ੍ਰਜਨਨ ਸੰਬੰਧੀ ਜ਼ਹਿਰ ਫੈਲ ਸਕਦਾ ਹੈ* **ਡਾਊਨਲੋਡ ਕਰੋ**:
**http://www.cdpr.ca.gov/docs/dept/factshts/prop65.htm**



*ਜੇ ਤੁਹਾਨੂੰ ਉਹ ਸਾਰੀ ਜਾਣਕਾਰੀ ਜੋ ਤੁਹਾਨੂੰ ਟਰੇਨਿੰਗ ਵਿੱਚ ਚਾਹੀਦੀ ਹੈ, ਨਹੀਂ ਮਿਲਦੀ ਤਾਂ ਤੁਹਾਨੂੰ ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰ ਜਾਂ ਕੀਟਨਾਸ਼ਕਾਂ ਦੇ ਨਿਯਮਾਂ ਬਾਰੇ ਵਿਭਾਗ (DPR) ਨੂੰ ਫੋਨ ਕਰਨਾ ਚਾਹੀਦਾ ਹੈ। ਤੁਸੀਂ ਕਮਿਸ਼ਨਰ ਦਾ ਨੰਬਰ ਆਪਣੀ ਚਿੱਟੇ ਪੰਨਿਆ ਵਾਲੀ ਸਥਾਨਕ ਡਾਇਰੈਕਟਰੀ 1-87PestLine ਤੋਂ ਲੈ ਸਕਦੇ ਹੋ ਜਾਂ*

**http://www.cdfa.ca.gov/exec/county/countymap/**

**DPR ਦੇ ਖੇਤਰੀ ਦਫ਼ਤਰ ਹਨ:**

- **ਨਾਰਦਰਨ (ਵੈਸਟ ਸੈਕਰਾਮੈਂਟੋ) 916/376-8960**
- **ਸੈਂਟਰਲ (ਫ੍ਰੈਸਕੋ) 559/297-3511**
- **ਸਦਰਨ (ਐਨਾਹਾਈਮ) 714/279-7690**

**ਕੀਟਨਾਸ਼ਕ ਬਾਰੇ ਸ਼ਿਕਾਇਤ ?**

**1-87PestLine**

**ਜਾਣਕਾਰੀ ਲਾਈਨ**

**1-877-378-5463**